NHS

# ਤੁਹਾਡਾ ਡਾਕਟਰੀ ਇਤਿਹਾਸ

# ਤੁਹਾਡੀ ਜਾਨ ਬਚਾ ਸਕਦਾ ਹੈ।

ਜੋ ਦੇਖ-ਭਾਲ ਤੁਹਾਨੂੰ ਮਿਲਦੀ ਹੈ ਉਸ ਬਾਰੇ ਜਾਣਕਾਰੀ ਨੂੰ ਵੰਡਣਾ



ਜਾਨਾਂ ਨੂੰ ਬਚਾਣਾ



ਸਮੇਂ ਨੂੰ ਬਚਾਣਾ



ਜਾਣਕਾਰੀ ਦੀ ਸੁਰੱਖਿਆ ਕਰਨੀ

Your Care Connected

MidlandsYourCareConnected.nhs.uk



# ਜਾਨਾਂ ਨੂੰ ਬਚਾਣਾ

## ਜਿਨੀਂ ਵੀ ਜਾਣਕਾਰੀ ਹੋਵੇ ਉਨ੍ਹਾਂ ਹੀ ਬਿਹਤਰ

ਜਿਹੜੀ ਜਾਣਕਾਰੀ ਤੁਹਾਡੀ ਜੀ.ਪੀ. ਦੇ ਰਿਕਾਰਡ ਵਿਚ ਹੈ ਉਸ ਨੂੰ ਸਿਹਤ ਦੀ ਦੇਖ-ਭਾਲ ਕਰ ਰਹੇ ਮਾਹਰਾਂ ਨੂੰ ਵਿਖਾਣ ਦੀ ਇਜਾਜ਼ਤ ਦੇਣ ਦੇ ਨਾਲ ਉਨ੍ਹਾਂ ਨੂੰ ਸੰਭਾਵਿਤ ਤੌਰ ਤੇ ਜੀਵਨ ਬਚਾਣ ਦੀ ਮਹੱਤਵਪੂਰਣ ਜਾਣਕਾਰੀ ਮਿਲ ਸਕੇਗੀ; ਇਸ ਨਾਲ ਨਾ-ਜ਼ਰੂਰੀ ਬਾਰ-ਬਾਰ ਕੀਤੇ ਜਾਣ ਵਾਲੀ ਜਾਂਚ ਨੂੰ ਘਟਾਇਆ ਜਾ ਸਕੇਗਾ, ਜਿਵੇਂ ਕਿ ਖੂਨ ਦੀ ਜਾਂਚ ਅਤੇ ਐਕਸ-ਰੇ।

ਤੁਹਾਡੇ ਡਾਕਟਰੀ ਰਿਕਾਰਡਾਂ ਨੂੰ ਵੰਡਣ ਦੇ ਨਾਲ ਤੁਹਾਡੀ ਜਾਨ ਬਚਾਈ ਜਾ ਸਕਦੀ ਹੈ।

# ਕੀ ਤੁਹਾਨੂੰ ਪਤਾ ਸੀ...

## ਤੁਹਾਡੇ ਜੀ.ਪੀ. ਕੋਲ ਡਾਕਟਰੀ ਰਿਕਾਰਡ ਤੁਹਾਡੀ ਸਿਹਤ ਅਤੇ ਤੰਦਰੁਸਤੀ ਦਾ ਪੂਰਾ ਰਿਕਾਰਡ ਹੁੰਦਾ ਹੈ

ਪਰ ਕੀ ਤੁਹਾਨੂੰ ਪਤਾ ਸੀ ਕਿ ਜਦੋਂ ਤੁਸੀਂ ਹੱਸਪਤਾਲ ਜਾਂਦੇ ਹੋ, ਮਾਨਸਿਕ ਸਿਹਤ ਲਈ ਪਹੁੰਚ ਕਰਦੇ ਜਾਂ ਸਮੇਂ ਤੋਂ ਬਾਹਿਰ ਸੇਵਾਵਾਂ ਤੱਕ ਪਹੁੰਚ ਕਰਦੇ ਹੋ, ਜਾਂ ਜਦੋਂ ਤੁਹਾਨੂੰ ਐਮੰਬੁਲੈਂਸ ਦੀ ਜ਼ਰੂਰਤ ਹੋਵੇ, ਤਾਂ ਜਿਹੜੇ ਤੁਹਾਡਾ ਇਲਾਜ ਕਰ ਰਹੇ ਹਨ ਉਹ ਤੁਹਾਡੇ ਰਿਕਾਰਡ ਤੱਕ ਪਹੁੰਚ ਹਾਸਲ ਨਹੀਂ ਕਰ ਸਕਦੇ ਹਨ?

ਤੁਹਾਡਾ ਸਥਾਨਕ ਐਨ.ਐਚ.ਐਸ. (NHS) ਇਹ ਮਹਿਸੂਸ ਕਰਦਾ ਹੈ ਕਿ ਜਿਹੜੇ ਵੀ ਤੁਹਾਡੀ ਦੇਖ-ਭਾਲ ਵਿਚ ਸ਼ਾਮਲ ਹਨ ਉਹ ਤੁਹਾਡੇ ਬਾਰੇ ਜ਼ਰੂਰੀ ਜਾਣਕਾਰੀ ਨੂੰ ਦੇਖ ਸਕਨ ਜਿਸ ਨਾਲ ਜੋ ਡਾਕਟਰੀ ਦੇਖ-ਭਾਲ ਤੁਹਾਨੂੰ ਮਿਲਦੀ ਹੈ ਉਸ ਬਾਰੇ ਸੁਧਾਰ ਕਰ ਸਕਨ, ਇਸੇ ਲਈ Your Care Connected ਨੂੰ ਪੂਰੇ ਬਰਮਿੰਘਮ, ਸੈਂਡਵੈਲ ਅਤੇ ਸੋਲਿਹਲ ਵਿਚ ਲਾਗੂ ਕੀਤਾ ਜਾ ਰਿਹਾ ਹੈ।

**Your Care Connected ਡਾਕਟਰਾਂ, ਨਰਸਾਂ ਅਤੇ ਦੂਜੇ ਰਜਿਸਟਰਡ ਸਿਹਤ ਦੀ ਦੇਖ-ਭਾਲ ਕਰਨ ਵਾਲੇ ਮਾਹਰਾਂ ਜੋ ਤੁਹਾਡੀ ਦੇਖ-ਭਾਲ ਕਰ ਰਹੇ ਹਨ ਉਨ੍ਹਾਂ ਨੂੰ ਤੁਹਾਡੇ ਜੀ.ਪੀ. ਦੇ ਰਿਕਾਰਡ ਵਿਚੋਂ, ਤੁਹਾਡੀ ਇਜਾਜ਼ਤ ਦੇ ਨਾਲ, ਜਾਣਕਾਰੀ ਨੂੰ ਦੇਖਣ ਦੀ ਇਜਾਜ਼ਤ ਹੋਵੇਗੀ, ਜਿਸ ਨਾਲ ਉਹ ਤੁਹਾਨੂੰ ਬਿਹਤਰ, ਸੁਰੱਖਿਅਤ ਦੇਖ-ਭਾਲ ਪੇਸ਼ ਕਰ ਸਕਨ।**

# ਇਹ ਤੁਹਾਨੂੰ ਕਿਵੇਂ ਮਦਦ ਕਰਦੀ ਹੈ

- ਤੁਹਾਡੀ ਡਾਕਟਰੀ ਜਾਣਕਾਰੀ ਤਾਈਂ ਤੇਜੀ ਅਤੇ ਆਸਾਨੀ ਦੇ ਨਾਲ ਪਹੁੰਚ, ਜੋ ਤੁਹਾਡੀ ਜਾਨ ਬਚਾ ਸਕਦੀ ਹੈ
- ਜਾਣਕਾਰੀ ਨੂੰ ਪੇਸ਼ ਕਰਦਾ ਹੈ ਜਿਵੇਂ ਕਿ ਕੋਈ ਵੀ ਦਵਾਈ ਅਤੇ ਉਹਦੀ ਮਿਕਦਾਰ ਜੋ ਤੁਸੀਂ ਲੈ ਰਹੇ ਹੋਵੋਂ, ਤੁਹਾਡੇ ਕੋਲ ਕੋਈ ਵੀ ਐਲਰਜੀ ਹੋਵੇ, ਹਾਲ ਹੀ ਵਿਚ ਕੀਤੇ ਗਏ ਡਾਕਟਰੀ ਜਾਂਚ ਦੇ ਨਤੀਜੇ ਜਾਂ ਤੁਹਾਨੂੰ ਪਿਛਲੀ ਵਾਰ ਜੀ.ਪੀ. ਪ੍ਰੈਕਟਿਸ ਦੇ ਸਟਾਫ਼ ਦੇ ਕਿਹੜੇ ਮੈਂਬਰ ਨੇ ਦੇਖਿਆ ਸੀ।
- ਤੁਹਾਡੀ ਦੇਖ-ਭਾਲ ਦੀ ਸੁਰੱਖਿਆ ਅਤੇ ਗੁਣਵੱਤਾ ਵਿਚ ਸੁਧਾਰ
- ਫਾਰਮਾਂ ਨੂੰ ਭਰਣ ਲਈ ਘੱਟ ਸਮਾਂ
- ਬਜਾਏ ਕਿ ਤੁਹਾਡਾ ਜੀ.ਪੀ. ਤੁਹਾਡੇ ਰਿਕਾਰਡ ਨੂੰ ਹਿੱਸਾ ਲੈ ਰਹੀਆਂ ਸੰਸਥਾਵਾਂ ਕੋਲ ਫੈਕਸ ਜਾਂ ਰਿਕਾਰਡਡੇਡ ਡਿਲਿਵਰੀ ਰਾਹੀਂ ਭੇਜੇ (ਜੋ ਕਿ ਮੌਜੂਦਾ ਵਿਕਲਪ ਹੈ)
- ਕਿਸੇ ਵੀ ਆਪਦਾ ਵਿਚ ਸੁਰੱਖਿਅਤ ਦੇਖ-ਭਾਲ ਨੂੰ ਪਹੁੰਚਾਣ ਦੇ ਕਾਬਲ ਹੁੰਦਾ ਹੈ

"Your Care Connected ਹੱਸਪਤਾਲ ਦੇ ਦੌਰਿਆਂ ਤੋਂ ਤਨਾਉ ਕਾਫੀ ਘੱਟ ਜਾਵੇਗਾ; ਇਕ ਸਿਸਟਮ ਹੋਵੇਗਾ ਆਪਣੇ ਹਾਲਾਤ ਦੱਸਣ ਲਈ, ਮੇਰੇ ਬਾਰੇ ਸਾਰੀ ਭਰੋਸੇਮੰਦ ਅਤੇ ਜ਼ਰੂਰੀ ਜਾਣਕਾਰੀ ਨੂੰ ਪੇਸ਼ ਕਰੇਗਾ ਜੋ ਮੇਰੇ ਲਈ ਬਿਹਤਰ ਦੇਖ-ਭਾਲ ਪੇਸ਼ ਕਰਨ ਵਿਚ ਮਦਦ ਕਰੇਗਾ"

ਏਡ੍ਰਿਅਨ, ਇਕ ਰੋਗੀ



# ਸਮਾਂ ਨੂੰ ਬਚਾਏਗਾ

**ਸਮਾਂ ਬਰਬਾਦ ਕਰਨਾ ਕਿਸੇ ਨੂੰ ਵੀ ਚੰਗਾ ਨਹੀਂ ਲੱਗਦਾ ਹੈ**

ਤੁਹਾਡੇ ਡਾਕਟਰੀ ਰਿਕਾਰਡ ਤੱਕ ਤੇਜੀ ਨਾਲ ਪਹੁੰਚ ਉਨ੍ਹਾਂ ਸਾਰੇ ਫਾਰਮਾਂ ਨੂੰ ਭਰਨ ਵਿਚ ਘਟਾ ਸਕਦੀ ਹੈ ਜੋ ਤੁਹਾਨੂੰ ਭਰਨੇ ਹਨ, ਜੋ ਸਮਾਂ ਬਰਬਾਦ ਕਰਨ ਨੂੰ ਘਟਾਂਦਾ ਹੈ ਅਤੇ ਹੱਸਪਤਾਲ ਵਿਚ ਗੈਰ-ਜ਼ਰੂਰੀ ਤੌਰ ਤੇ ਰਹਿਣ ਵਿਚ ਘਾਟ ਕਰਦਾ ਹੈ।

**ਆਪਣੇ ਡਾਕਟਰੀ ਰਿਕਾਰਡਾਂ ਨੂੰ ਵੰਡੋ ਅਤੇ ਸਮੇਂ ਨੂੰ ਬਚਾਉ**

# ਤੁਹਾਡੇ ਬਾਰੇ ਜਾਣਕਾਰੀ ਤੱਕ ਕੌਣ ਪਹੁੰਚ ਕਰਨ ਦੇ ਕਾਬਲ ਹੋਵੇਗਾ?

ਜਦੋਂ ਤੁਸੀਂ ਹੇਠ ਲਿਖੇ ਗਏ ਕਿਸੇ ਵੀ ਇਕ ਸੰਗਠਨ ਤੇ ਜਾਂਦੇ ਹੋ, ਤਾਂ ਜੋ ਵਿਅਕਤੀ ਤੁਹਾਡਾ ਇਲਾਜ ਕਰ ਰਿਹਾ ਹੈ ਉਹ ਦੀ ਵਰਤੋਂ ਕਰ ਕੇ ਤੁਹਾਡੀ ਇਜਾਜ਼ਤ ਦੇ ਨਾਲ ਤੁਹਾਡੀ ਜੀ.ਪੀ. ਦੇ ਰਿਕਾਰਡ ਦੀ ਜਾਣਕਾਰੀ ਨੂੰ ਦੇਖ ਸਕਦਾ ਹੈ। ਇਸ ਨਾਲ ਤੁਹਾਨੂੰ ਬਿਹਤਰ, ਸੁਰੱਖਿਅਤ ਦੇਖ-ਭਾਲ ਪੇਸ਼ ਕਰਨ ਵਿਚ ਮਦਦ ਮਿਲੇਗੀ:

ਬਰਮਿੰਘਮ ਚਿਲਡ੍ਰੇਨੰਸ ਹੌਸਪਿਟਲ
ਬਰਮਿੰਘਮ ਕਮਿਯੂਨਿਟੀ ਹੈਲਥਕੇਅਰ
ਬਰਮਿੰਘਮ ਐਂਡ ਸੌਲਿਹਲ ਮੈਂਟਲ ਹੈਲਥ ਫਾਊਂਡੇਸ਼ਨ ਟ੍ਰਸਟ
ਬਰਮਿੰਘਮ ਵਿਮੰਸ ਹੌਸਪਿਟਲ
ਬਰਮਿੰਘਮ ਸਿਟੀ ਹੌਸਪਿਟਲ
ਗੁੱਡ ਹੋਪ ਹੌਸਪਿਟਲ
ਹਾਰਟਲੈਂਡ੍ਸ ਹੌਸਪਿਟਲ
ਕਵੀਨ ਐਲਿਜਾਬੈਥ ਹੌਸਪਿਟਲ
ਦ ਰਾਯਲ ਓਰਥੋਪੀਡਿਕ ਹੌਸਪਿਟਲ
ਸੈਂਡਵੈਲ ਜਨਰਲ ਹੌਸਪਿਟਲ
ਸੌਲਿਹਲ ਹੌਸਪਿਟਲ
ਵੈਸਟ ਮਿਡਲੈਂਡਸ ਐਮੰਬੁਲੈਂਸ ਸਰਵਿਸ
ਸਥਾਨਕ ਸਮੇਂ ਤੋਂ ਬਾਹਿਰ ਜੀ.ਪੀ. ਦੀਆਂ ਸੇਵਾਵਾਂ

Your Care Connected ਸਿਰਫ਼ ਤੁਹਾਡੇ ਬਾਰੇ ਜਾਣਕਾਰੀ ਨੂੰ ਤੁਹਾਡੀ ਇਜਾਜ਼ਤ ਦੇ ਨਾਲ ਹੀ ਦੇਖਣ ਲਈ ਅਤੇ ਤੁਹਾਡੀ ਸਿੱਧੇ ਤੌਰ ਤੇ ਦੇਖ-ਭਾਲ ਲਈ ਵਰਤਿਆ ਜਾ ਸਕਦਾ ਹੈ। ਕਿਰਪਾ ਕਰ ਕੇ ਨੋਟ ਕਰੋ ਕਿ ਕਲੀਨਿਸ਼ੰਸ ਆਪਦਾ ਦੇ ਸਮੇਂ ਤੁਹਾਡੀ ਇਜਾਜ਼ਤ ਨੂੰ ਵੀ ਇਕ ਤਰਫ਼ ਕਰ ਸਕਦੇ ਹਨ, ਮਿਸਾਲ ਦੇ ਤੌਰ ਤੇ ਜੇਕਰ ਤੁਸੀਂ ਬੇਹੋਸ਼ ਹੋ ਜਾਂ ਕਿ ਤੁਸੀਂ ਗੱਲਬਾਤ ਨਹੀਂ ਕਰ ਸਕਦੇ ਹੋਵੇਂ, ਜਾਂ ਕਿ ਉਹ ਇਹ ਸਮਝਣ ਕਿ ਇਹ ਤੁਹਾਡੀ ਸਿਹਤ ਅਤੇ ਤੰਦਰੁਸਤੀ ਲਈ ਜ਼ਰੂਰੀ ਹੈ।

# ਉਹ ਕੀ ਦੇਖਣਗੇ?

ਸਿਹਤ ਦੇ ਮਾਹਰ ਜੋ ਤੁਹਾਡਾ ਇਲਾਜ ਕਰ ਰਹੇ ਹਨ ਉਹ ਤੁਹਾਡੇ ਡਾਕਟਰੀ ਰਿਕਾਰਡ ਦੇ ਸਿਰਫ਼ ਉਨ੍ਹਾਂ ਹਿਸ਼ਿਆਂ ਨੂੰ ਹੀ ਦੇਖਣਗੇ ਜੋ ਹੇਠਾਂ ਲਿਖੇ ਗਏ ਹਨ ਅਤੇ ਇਹ ਤੁਹਾਡੀ ਇਜਾਜ਼ਤ ਦੇ ਨਾਲ ਹੀ; ਇਸ ਨਾਲ ਉਨ੍ਹਾਂ ਨੂੰ ਕਾਫੀ ਜਾਣਕਾਰੀ ਮਿਲੇਗੀ, ਜਿਸ ਇਹ ਸ਼ਾਮਲ ਹਨ:

ਐਲਰਜੀ
ਦਵਾਈਆਂ
ਹੌਸਪਿਟਲ ਵਿਚ ਦਾਖਲਾ ਅਤੇ ਹਵਾਲੇ
ਵੈਕਸੀਨੇਸ਼ੰਸ ਅਤੇ ਇਮੁਨਾਈਜੇਸ਼ਨੰਸ
ਟੈਸਟ ਦੇ ਨਤੀਜੇ
ਬੀਮਾਰੀ ਦਾ ਪਤਾ ਲਗਾਣਾ
ਇਲਾਜ
ਡਾਕਟਰੀ ਤਰੀਕੇ
ਜੀਵਨ ਦੀ ਅਖੀਰੀ ਇੱਛਾਵਾਂ
ਆਬਾਦੀ ਬਾਰੇ ਜਾਣਕਾਰੀ (ਉਮਰ, ਲਿੰਗ ਆਦਿ)
ਕਮਜੋਰ ਬੱਚਿਆਂ ਜਾਂ ਬਾਲਗਾਂ ਨਾਲ ਦੁਰਵਿਹਾਰ ਨਾਲ ਸੰਬੰਧਿਤ ਚਿੰਤਾਵਾਂ (ਜੇਕਰ ਲਾਗੂ ਹੋਣ)

ਤੁਹਾਡੇ ਬਾਰੇ ਜਾਣਕਾਰੀ ਨੂੰ ਕਿਸੇ ਹੋਰ ਉਦੇਸ਼ ਲਈ ਵਰਤਿਆ ਨਹੀਂ ਜਾਵੇਗਾ, ਜਿਵੇਂ ਕਿ ਖੋਜ, ਜਾਂ ਕਿਸੇ ਤੀਜੀ ਪਾਰਟੀ ਨੂੰ ਦਿੱਤਾ/ਵੇਚਿਆ ਨਹੀਂ ਜਾਵੇਗਾ। ਕਿਸੇ ਵੀ ਤਬਦੀਲੀ ਜਾਂ ਤਾਜਾ ਲਿਸਟ ਲਈ, ਕਿਰਪਾ ਕਰ ਕੇ ਇਸ ਵੈਬਸਾਈਟ ਨੂੰ ਦੇਖੋ www.midlandsyourcareconnected.nhs.uk.



# ਜਾਣਕਾਰੀ ਦੀ ਸੁਰੱਖਿਆ ਕਰਨੀ

## ਗੋਪਨੀਯਤਾ ਦੀ ਮਹੱਤਵਤਾ

ਸਿਰਫ਼ ਰਜਿਸਟਰ ਕੀਤੇ ਗਏ ਸਿਹਤ ਦੀ ਦੇਖ-ਭਾਲ ਦੇ ਮਾਹਰ ਹੀ ਤੁਹਾਡੇ ਡਾਕਟਰੀ ਰਿਕਾਰਡਾਂ ਨੂੰ ਦੇਖ ਸਕਦੇ ਹਨ ਅਤੇ ਇਸ ਤਰਾਂ ਕਰਨ ਲਈ ਉਹ ਹਮੇਸ਼ਾਂ ਇਜਾਜ਼ਤ ਮੰਗਣਗੇ। ਹੋਰ ਵਧੇਰੇ, ਇਕ ਤਾਲਾਬੰਦ ਨੇਟਵਰਕ ਦੇ ਜ਼ਰੀਏ ਪਹੁੰਚ ਨੂੰ ਪੇਸ਼ ਕੀਤਾ ਜਾਂਦਾ ਹੈ, ਜਿਸ ਨਾਲ ਇਹ ਨਿਸ਼ਚਿਤ ਹੋਵੇ ਕਿ ਤੁਹਾਡੀ ਜਾਣਕਾਰੀ ਹਮੇਸ਼ਾਂ ਮੁੰਮਕਿਨ ਉਚੇਰੇ ਮਾਪਦੰਡ ਤੇ ਸੁਰੱਖਿਅਤ ਰਹੇ। ,

**ਜੋ ਜਾਣਕਾਰੀ ਤੁਸੀਂ ਵੰਡੁੰਗੇ ਉਹਨੂੰ ਹਮੇਸ਼ਾ ਸੁਰੱਖਿਰ ਰਖਿਆ ਜਾਵੇਗਾ।**

# ਕੀ ਵੰਡਿਆ ਨਹੀਂ ਜਾਂਦਾ ਹੈ?

**Your Care Connected ਤੁਹਾਡੇ ਜੀ.ਪੀ. ਦੇ ਰਿਕਾਰਡ ਤੋਂ ਹਰ ਕੁਝ ਵੰਡਦਾ ਨਹੀਂ ਹੈ।**

ਇਹ ਇਸ ਕਰ ਕੇ ਹੈ ਕਿਉਂਕਿ ਰੋਗੀ ਦੀ ਗੋਪਨੀਯਤਾ ਅਤੇ ਕਿਸੇ ਵੀ ਸੰਵੇਦਨਸ਼ੀਲ ਜਾਣਕਾਰੀ ਵੰਡਣ ਬਾਰੇ ਅਸੀਂ ਇਕ ਰਾਸ਼ਟਰੀ ਮਾਰਗ-ਦਰਸ਼ਨ ਨੂੰ ਮੰਨਦੇ ਹਾਂ। ਇਸਦੇ ਸਿੱਟੇ ਵਜੋਂ,Your Care Connected ਹੇਠ ਲਿਖਿਆਂ ਬਾਰੇ ਹਾਲੇ ਕੋਈ ਵੀ ਜਾਣਕਾਰੀ ਨਹੀਂ ਵੰਡਦਾ ਹੈ:

| | |
|---|---|
| ਲੈਂਗਿਕ ਸੰਬੰਧੀ ਮੁੜ ਨਿਰਧਾਰਣ ਕਰਨਾ | ਆਈ.ਵੀ.ਐਫ਼. ਟ੍ਰੀਟਮੈਂਟ |
| ਗਰਭਾਵਸਥਾ ਨੂੰ ਖ਼ਤਮ ਕਰਨਾ | ਐਚ.ਆਈ.ਵੀ. ਅਤੇ ਏਡਜ਼ |
| ਜੀ.ਪੀ. ਦੇ ਰਿਕਾਰਡ ਤੋਂ ਮੁਫ਼ਤ ਟੈਕਸਟ | ਲੈਂਗਿਕ ਤੌਰ ਤੇ ਫੈਲੀਆਂ ਬੀਮਾਰੀਆਂ |

**ਕਿਰਪਾ ਕਰ ਕੇ ਨੋਟ ਕਰੋ**: ਇਹ ਲਿਸਟ ਬਦਲ ਸਕਦੀ ਹੈ ਜਿਸ ਨਾਲ ਸੰਵੇਦਨਸ਼ੀਲ ਜਾਣਕਾਰੀ ਨੂੰ ਵੰਡਣ ਬਾਰੇ ਰਾਸ਼ਟਰੀ ਮਾਰਗ-ਦਰਸ਼ਨ ਹੋਵੇ। ਤਾਜਾ ਜਾਣਕਾਰੀ ਦੀ ਖੋਜ ਲਈ ਕਿਰਪਾ ਕਰ ਕੇ ਸਾਡੇ ਵੈਬਸਾਈਟ ਨੂੰ ਦੇਖੋ ਜੋ ਉਸ ਵੇਲੇ ਵੰਡੀਆਂ ਨਹੀਂ ਜਾਂਦੀਆਂ ਹਨ ਜਦੋਂ ਜੋ ਵਿਅਕਤੀ ਤੁਹਾਡਾ ਇਲਾਜ ਕਰ ਰਿਹਾ ਹੁੰਦਾ ਹੈ ਉਹ Your Care Connected ਦੀ ਵਰਤੋਂ ਕਰ ਕੇ ਤੁਹਾਡੇ ਰਿਕਾਰਡ ਤੱਕ ਪਹੁੰਚ ਕਰਦਾ ਹੈ।

# ਤੁਹਾਡੀ ਜਾਣਕਾਰੀ, ਤੁਹਾਡੀ ਚੋਣ

ਜਦੋਂ ਤੁਹਾਡੀ ਸਿਹਤ ਦੀ ਦੇਖ-ਭਾਲ ਦਾ ਸਵਾਲ ਹੋਵੇ, ਤੁਹਾਡੇ ਕੋਲ ਸ਼ਕਤੀ ਹੈ ਕਿ ਤੁਸੀਂ ਚੁਣ ਸਕੋਂ ਕਿ ਕੌਣ ਤੁਹਾਡੀ ਡਾਕਟਰੀ ਜਾਣਕਾਰੀ ਨੂੰ ਦੇਖ ਸਕਦਾ ਹੈ, ਕਦੋਂ ਦੇਖ ਸਕਦੇ ਹਨ ਅਤੇ ਉਹ ਕਿਵੇਂ ਪਹੁੰਚ ਹਾਸਲ ਕਰ ਸਕਦੇ ਹਨ।

ਜੇਕਰ ਤੁਸੀਂ ਆਪਣੀ ਡਾਕਟਰੀ ਜਾਣਕਾਰੀ ਨੂੰ ਉਨ੍ਹਾਂ ਨਾਲ ਵੰਡਣ ਵਿਚ ਖੁਸ਼ ਹੋ ਜੋ ਤੁਹਾਡਾ ਇਲਾਜ ਕਰ ਰਹੇ ਹਨ, ਤਾਂ ਤੁਹਾਨੂੰ ਅਗਾਹਾਂ ਕੁਝ ਵੀ ਕਰਨ ਦੀ ਜ਼ਰੂਰਤ ਨਹੀਂ ਹੈ। ਜੇਕਰ ਤੁਸੀਂ ਪਿਛਲੇ ਸਫੇ ਤੇ ਲਿਖੇ ਗਏ ਕਿਸੇ ਵੀ ਸੰਗਠਨ ਤੇ ਜਾਵੋਂ, ਤਾਂ ਜੋ ਤੁਹਾਡਾ ਇਲਾਜ ਕਰ ਰਹੇ ਹਨ ਉਹ ਤੁਹਾਡੇ ਰਿਕਾਰਡ ਨੂੰ ਦੇਖਣ ਲਈ ਤੁਹਾਡੀ ਇਜਾਜ਼ਤ ਮੰਗਣਗੇ।

## ਇਸ ਤੋਂ ਬਾਹਿਰ ਆਣਾ

ਜੇਕਰ ਤੁਸੀਂ Your Care Connected ਤੋਂ 'ਬਾਹਿਰ ਆ ਜਾਣ' ਬਾਰੇ ਫੈਸਲਾ ਕਰੋਂ ਤਾਂ ਤੁਹਾਡੀ ਆਮ ਡਾਕਟਰੀ ਪ੍ਰੈਕਟਿਸ ਹੀ ਇਲੈਕਟ੍ਰੋਨਿਕਲੀ ਰਿਕਾਰਡ ਤੱਕ ਪਹੁੰਚ ਹਾਸਲ ਕਰ ਸਕੇਗੀ। ਕਿਰਪਾ ਕਰ ਕੇ ਇਨਾਂ ਯਾਦ ਰਹੇ ਕਿ ਬਾਹਿਰ ਆਣ ਦਾ ਮਤਲਬ ਹੈ ਕਿ ਤੁਹਾਡਾ ਰਿਕਾਰਡ ਬਿਲਕੁਲ ਵੀ ਉਪਲਬਧ ਨਹੀਂ ਹੈ, ਆਪਦਾ ਦੇ ਸਮੇਂ ਦੌਰਾਨ ਵੀ।

# ਕੀ ਤੁਸੀਂ ਹੋਰ ਜਾਣਨਾ ਚਾਹੋਂਗੇ?

ਕਿਰਪਾ ਕਰ ਕੇ ਇਹਨੂੰ ਦੇਖੋ

**MidlandsYourCareConnected.nhs.uk**

ਵਿਕਲਪਿਕ ਤੌਰ ਤੇ ਤੁਸੀਂ ਟੀਮ ਨੂੰ ਈ-ਮੇਲ ਕਰ ਸਕਦੇ ਹੋ

**InfoMidlandsYourCareConnected@nhs.net**

ਜਾਂ ਉਨ੍ਹਾਂ ਨੂੰ ਮੁਫ਼ਤਫੋਨ ਨੰਬਰ **0333 150 3388** ਤੇ ਫੋਨ ਕਰੋ

Your Care Connected

ਅਸੀਂ ਸਾਡੇ ਪ੍ਰਕਾਸ਼ਨ ਨੂੰ ਬ੍ਰੇਲ, ਵੱਡੀ ਛਪਾਈ, ਆਸਾਨੀ ਨਾਲ ਪੜ੍ਹੇ ਜਾਨ ਵਾਲੇ (ਪਹੁੰਚ ਵਾਲੇ ਟੈਕਸਟ ਆਕਾਰ) ਵਿਚ ਪ੍ਰਸਤੁਤ ਕਰ ਸਕਦੇ ਹਾਂ। ਜਾਣਕਾਰੀ ਨੂੰ ਕਈ ਹੋਰ ਦੂਜੀਆਂ ਬੋਲੀਆਂ ਵਿਚ ਵੀ ਉਪਲਬਧ ਕਰਾਇਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਿਰਪਾ ਕਰ ਕੇ ਸਾਨੂੰ ਸੰਪਰਕ ਕਰੋ।